ਮਿੱਠੇ ਬੱਚੇ:- "ਮਿੱਠੇ ਬੱਚੇ :- ਤੁਸੀਂ ਫਿਰ ਤੋਂ ਆਪਣੇ ਠਿਕਾਣੇ ਤੇ ਪਹੁੰਚ ਗਏ ਹੋ, ਤੁਸੀਂ ਬਾਪ ਦੁਆਰਾ ਰਚਤਾ ਅਤੇ ਰਚਨਾ ਨੂੰ ਜਾਣ ਲੀਤਾ ਹੈ ਤਾਂ ਖੁਸ਼ੀ ਵਿੱਚ ਰੋਮਾਂਚ ਖੜੇ ਹੋ ਜਾਣੇ ਚਾਹੀਦੇ ਹਨ"

ਪ੍ਰਸ਼ਨ:- ਇਸ ਸਮੇਂ ਬਾਪ ਤੁਸੀਂ ਬੱਚਿਆਂ ਦਾ ਸ਼ਿੰਗਾਰ ਕਿਉਂ ਕਰ ਰਹੇ ਹਨ?

ਉੱਤਰ:- ਕਿਉਂਕਿ ਹੁਣ ਅਸੀਂ ਸੱਜ - ਧਜ ਕੇ ਵਿਸ਼ਨੂਪੁਰੀ (ਸਸੁਰ - ਘਰ) ਵਿੱਚ ਜਾਣਾ ਹੈ। ਅਸੀਂ ਇਸ ਗਿਆਨ ਨਾਲ ਸੱਜਕੇ ਵਿਸ਼ਵ ਦੇ ਮਾਹਰਾਜਾ - ਮਹਾਰਾਣੀ ਬਣਦੇ ਹਾਂ। ਹੁਣ ਸੰਗਮਯੁਗ ਤੇ ਹਾਂ, ਬਾਬਾ ਟੀਚਰ ਬਣਕੇ ਪੜ੍ਹਾ ਰਹੇ ਹਨ - ਪਿਅਰਘਰ ਤੋਂ ਸਸੁਰਘਰ ਲੈ ਜਾਣ ਦੇ ਲਈ।

ਗੀਤ:- ਆਖਿਰ ਉਹ ਦਿਨ ਆਇਆ ਅੱਜ...

ਓਮ ਸ਼ਾਂਤੀ - ਮਿੱਠੇ - ਮਿੱਠੇ ਸਵੀਟ ਚਿਲਡਰਨ, ਮਿੱਠੇ - ਮਿੱਠੇ ਸਿੱਕੀਲਧੇ ਬੱਚਿਆਂ ਨੇ ਗੀਤ ਸੁਣਿਆ। ਤੁਸੀਂ ਬੱਚੇ ਹੀ ਜਾਣਦੇ ਹੋ ਕਿ ਅੱਧਾਕਲਪ ਜਿਸ ਮਾਸ਼ੂਕ ਨੂੰ ਯਾਦ ਕੀਤਾ ਹੈ, ਆਖਰੀਨ ਉਹ ਮਿਲੇ ਹਨ। ਦੁਨੀਆਂ ਇਹ ਨਹੀਂ ਜਾਣਦੀ ਕਿ ਅਸੀਂ ਕੋਈ ਅੱਧਾਕਲਪ ਭਗਤੀ ਕਰਦੇ ਹਾਂ, ਮਾਸ਼ੂਕ ਬਾਪ ਨੂੰ ਪੁਕਾਰਦੇ ਹਾਂ। ਅਸੀਂ ਆਸ਼ਿਕ ਹਾਂ, ਉਹ ਮਾਸ਼ੂਕ ਹੈ - ਇਹ ਵੀ ਕੋਈ ਨਹੀਂ ਜਾਣਦੇ। ਬਾਪ ਕਹਿੰਦੇ ਹਨ ਰਾਵਣ ਨੇ ਤੁਹਾਨੂੰ ਬਿਲਕੁਲ ਹੀ ਤੁੱਛ ਬਣਾ ਦਿੱਤਾ ਹੈ। ਖਾਸ ਭਾਰਤਵਾਸੀਆਂ ਨੂੰ। ਤੁਸੀਂ ਦੇਵੀ - ਦੇਵਤਾ ਸੀ ਇਹ ਵੀ ਭੁੱਲ ਗਏ ਹੋ, ਤਾਂ ਤੁੱਛ ਬੁੱਧੀ ਹੋਏ। ਆਪਣੇ ਧਰਮ ਨੂੰ ਭੁੱਲ ਜਾਣਾ, ਇਹ ਹੈ ਤੁੱਛ ਬੁੱਧੀ। ਹੁਣ ਇਹ ਸਿਰਫ ਤੁਸੀਂ ਹੀ ਜਾਣਦੇ ਹੋ। ਅਸੀਂ ਭਾਰਤਵਾਸੀ ਸ੍ਵਰਗਵਾਸੀ ਸੀ। ਇਹ ਭਾਰਤ ਸ੍ਵਰਗ ਸੀ। ਥੋੜਾ ਹੀ ਸਮੇਂ ਹੋਇਆ ਹੈ। 1250 ਵਰ੍ਹੇ ਤਾਂ ਸਤਯੁਗ ਸੀ ਅਤੇ 1250 ਵਰ੍ਹੇ ਰਾਮਰਾਜ ਚੱਲਿਆ। ਉਸ ਸਮੇਂ ਅਥਾਹ ਸੁੱਖ ਸੀ। ਸੁੱਖ ਨੂੰ ਯਾਦ ਕਰ ਰੋਮਾਂਚ ਖੜੇ ਹੋ ਜਾਣੇ ਚਾਹੀਦੇ ਹਨ। ਸਤਯੁਗ, ਤ੍ਰੇਤਾ... ਇਹ ਪਾਸ ਹੋ ਗਏ। ਸਤਯੁਗ ਦੀ ਉਮਰ ਕਿੰਨੀ ਸੀ, ਇਹ ਵੀ ਕੋਈ ਨਹੀਂ ਜਾਣਦੇ। ਲੱਖਾਂ ਵਰ੍ਹੇ ਕਿਵੇਂ ਹੋ ਸਕਦੀ ਹੈ। ਹੁਣ ਬਾਪ ਆਕੇ ਸਮਝਾਉਂਦੇ ਹਨ - ਤੁਹਾਨੂੰ ਮਾਇਆ ਨੇ ਕਿੰਨਾ ਤੁੱਛ ਬੁੱਧੀ ਬਣਾ ਦਿੱਤਾ ਹੈ। ਦੁਨੀਆਂ ਵਿੱਚ ਕੋਈ ਆਪਣੇ ਨੂੰ ਤੁੱਛ ਬੁੱਧੀ ਸਮਝਦੇ ਨਹੀਂ ਹਨ। ਤੁਸੀਂ ਜਾਣਦੇ ਹੋ ਅਸੀਂ ਕਲ ਤੁੱਛ ਬੁੱਧੀ ਸੀ। ਹੁਣ ਬਾਬਾ ਨੇ ਇੰਨੀ ਬੁੱਧੀ ਦਿੱਤੀ ਹੈ ਜੋ ਰਚਤਾ ਅਤੇ ਰਚਨਾ ਦੇ ਆਦਿ - ਮੱਧ - ਅੰਤ ਨੂੰ ਤੁਸੀਂ ਜਾਣ ਗਏ ਹੋ। ਕਲ ਨਹੀਂ ਜਾਣਦੇ ਸੀ, ਅੱਜ ਜਾਣਿਆ ਹੈ। ਜਿੰਨਾ - ਜਿੰਨਾ ਜਾਣਦੇ ਜਾਂਦੇ ਹੋ, ਉਨਾਂ ਖੁਸ਼ੀ ਵਿੱਚ ਰੋਮਾਂਚ ਖੜੇ ਹੁੰਦੇ ਜਾਣਗੇ। ਅਸੀਂ ਫਿਰ ਤੋਂ ਆਪਣੇ ਠਿਕਾਣੇ ਤੇ ਪਹੁੰਚਦੇ ਹਾਂ। ਬਰਾਬਰ ਬਾਪ ਨੇ ਸਾਨੂੰ ਸਵਰਗ ਦੀ ਰਜਾਈ ਦਿੱਤੀ ਸੀ ਫਿਰ ਅਸੀਂ ਗਵਾ ਦਿੱਤੀ। ਹੁਣ ਪਤਿਤ ਬਣ ਪਏ ਹਾਂ। ਸਤਯੁਗ ਨੂੰ ਪਤਿਤ ਨਹੀਂ ਕਹਾਂਗੇ। ਉਹ ਹੈ ਹੀ ਪਾਵਨ ਦੁਨੀਆਂ। ਮਨੁੱਖ ਕਹਿੰਦੇ ਹਨ ਹੇ ਪਤਿਤ - ਪਾਵਨ ਆਓ। ਰਾਵਣ ਰਾਜ ਵਿੱਚ ਪਾਵਨ ਉੱਚ ਕੋਈ ਹੋ ਹੀ ਨਹੀਂ ਸਕਦਾ। ਉੱਚ ਤੇ ਉੱਚ ਬਾਪ ਦੇ ਬੱਚੇ ਬਣੇ ਤਾਂ ਉੱਚ ਵੀ ਬਣੇ। ਤੁਸੀਂ ਬੱਚਿਆਂ ਨੇ ਬਾਪ ਨੂੰ ਜਾਣਿਆ ਹੈ, ਸੋ ਵੀ ਨੰਬਰਵਾਰ ਪੁਰਸ਼ਾਰਥ ਅਨੁਸਾਰ। ਆਪਣੀ ਦਿਲਤੋਂ ਸਵੇਰੇ ਉੱਠ ਕੇ ਪੁਛੋ, ਅੰਮ੍ਰਿਤਵੇਲੇ ਦਾ ਸਮੇਂ ਚੰਗਾ ਹੈ। ਸਵੇਰੇ ਅੰਮ੍ਰਿਤਵੇਲੇ ਬੈਠਕੇ ਇਹ ਖਿਆਲ ਕਰੋ। ਬਾਬਾ ਸਾਡਾ ਬਾਪ ਵੀ ਹੈ, ਟੀਚਰ ਵੀ ਹੈ। ਗਾਡਫਾਦਰ, ਹੇ ਪਰਮਪਿਤਾ ਪਰਮਾਤਮਾ ਤਾਂ ਕਹਿੰਦੇ ਹੀ ਹਨ। ਹੁਣ ਤੁਸੀਂ ਬੱਚੇ ਜਾਣਦੇ ਹੋ ਜਿਸ ਨੂੰ ਯਾਦ ਕਰਦੇ ਹਨ - ਹੇ ਰੱਬ, ਹੁਣ ਉਹ ਸਾਨੂੰ ਮਿਲਿਆ ਹੈ। ਅਸੀਂ ਫਿਰ ਤੋਂ ਬੇਹੱਦ ਦਾ ਵਰਸਾ ਲੈ ਰਹੇ ਹਾਂ। ਉਹ ਹੈ ਲੋਕਿਕ ਬਾਪ, ਇਹ ਹੈ ਬੇਹੱਦ ਦਾ ਬਾਪ। ਤੁਹਾਡਾ ਲੌਕਿਕ ਬਾਪ ਵੀ ਉਸ ਬੇਹੱਦ ਦੇ ਬਾਪ ਨੂੰ ਯਾਦ ਕਰਦੇ ਹਨ। ਤਾਂ ਬਾਪਾਂ ਦਾ ਬਾਪ, ਪਤੀਆਂ ਦਾ ਪਤੀ, ਉਹ ਹੋ ਗਿਆ। ਇਹ ਵੀ ਭਾਰਤਵਾਸੀ ਹੀ ਕਹਿੰਦੇ ਹਨ ਕਿਉਂਕਿ ਹੁਣ ਮੈ ਬਾਪਾਂ ਦਾ ਬਾਪ, ਪਤੀਆਂ ਦਾ ਪਤੀ ਬਣਦਾ ਹਾਂ। ਹੁਣ ਮੈ ਤੁਹਾਡਾ ਬਾਪ ਵੀ ਹਾਂ। ਤੁਸੀਂ ਬੱਚੇ ਬਣੇ ਹੋ। ਬਾਬਾ - ਬਾਬਾ ਕਹਿੰਦੇ ਰਹਿੰਦੇ ਹੋ। ਹੁਣ ਫਿਰ ਤੁਹਾਨੂੰ ਵਿਸ਼ਨੂਪੁਰੀ ਸਸੁਰਘਰ ਲੈ ਜਾਂਦਾ ਹਾਂ। ਇਹ ਹੈ ਤੁਹਾਡੇ ਬਾਪ ਦਾ ਘਰ, ਫਿਰ ਸਸੁਰਘਰ ਜਾਵੋਗੇ। ਬੱਚੇ ਜਾਣਦੇ ਹਨ ਸਾਨੂੰ ਬਹੁਤ ਚੰਗਾ ਸ਼ਿੰਗਾਰਿਆ ਜਾਂਦਾ ਹੈ। ਹੁਣ ਤੁਸੀਂ ਪਿਅਰਘਰ ਵਿੱਚ ਹੋ ਨਾ। ਤੁਹਾਨੂੰ ਪੜ੍ਹਾਇਆ ਵੀ ਜਾਂਦਾ ਹੈ। ਤੁਸੀਂ ਇਸ ਗਿਆਨ ਤੋਂ ਸਜਕੇ ਵਿਸ਼ਵ ਦੇ ਮਹਾਰਾਜਾ - ਮਹਾਰਾਣੀ ਬਣਦੇ ਹੋ। ਤੁਸੀਂ ਇੱਥੇ ਆਏ ਹੀ ਹੋ ਵਿਸ਼ਵ ਦਾ ਮਾਲਿਕ ਬਣਨ। ਤੁਸੀਂ ਭਾਰਤਵਾਸੀ ਹੀ ਵਿਸ਼ਵ ਦੇ ਮਾਲਿਕ ਸੀ ਜੱਦ ਕੇ ਸਤਯੁਗ ਸੀ। ਹੁਣ ਤੁਸੀਂ ਇਵੇਂ ਨਹੀਂ ਕਹੋਗੇ ਕਿ ਅਸੀਂ ਵਿਸ਼ਵ ਦੇ ਮਾਲਿਕ ਹਾਂ। ਹੁਣ ਤੁਸੀਂ ਜਾਣਦੇ ਹੋ ਭਾਰਤ ਦੇ ਮਾਲਿਕ ਕਲਯੁਗੀ ਹਨ, ਅਸੀਂ ਤਾਂ ਸੰਗਮਯੁਗੀ ਹਾਂ। ਫਿਰ ਅਸੀਂ ਸਤਯੁਗ ਵਿੱਚ ਸਾਰੇ ਵਿਸ਼ਵ ਦੇ ਮਲਿਕ ਬਣਾਂਗੇ। ਇਹ ਗੱਲਾਂ ਤੁਸੀਂ ਬੱਚਿਆ ਦੀ ਬੁੱਧੀ ਵਿੱਚ ਆਉਣੀਆਂ ਚਾਹੀਦੀਆਂ ਹਨ। ਜਾਣਦੇ ਹੋ ਵਿਸ਼ਵ ਦੀ ਬਾਦਸ਼ਾਹੀ ਦੇਣ ਵਾਲਾ ਆਇਆ ਹੈ। ਹੁਣ ਸੰਗਮਯੁਗ ਤੇ ਉਹ ਆਏ ਹਨ। ਗਿਆਨ ਦਾਤਾ ਇੱਕ ਹੀ ਬਾਪ ਹੈ। ਬਾਪ ਦੇ ਸਿਵਾਏ ਕਿਸੇ ਵੀ ਮਨੁੱਖ ਨੂੰ ਗਿਆਨ ਦਾਤਾ ਨਹੀਂ ਕਹਾਂਗੇ ਕਿਉਂਕਿ ਬਾਪ ਦੇ ਕੋਲ ਅਜਿਹਾ ਗਿਆਨ ਹੈ। ਜਿਸ ਨਾਲ ਸਾਰੇ ਵਿਸ਼ਵ ਦੀ ਸਦਗਤੀ ਹੁੰਦੀ ਹੈ। ਤੱਤਵਾਂ ਸਾਹਿਤ ਸਭ ਦੀ ਸਦਗਤੀ ਹੋ ਜਾਂਦੀ ਹੈ। ਮਨੁਖਾਂ ਦੇ ਕੋਲ ਸਦਗਤੀ ਦਾ ਗਿਆਨ ਹੈ ਨਹੀਂ।

ਇਸ ਸਮੇਂ ਸਾਰੀ ਦੁਨੀਆਂ ਤੱਤਵਾਂ ਸਹਿਤ ਤਮੋਪ੍ਰਧਾਨ ਹੈ। ਇਸ ਵਿੱਚ ਰਹਿਣ ਵਾਲੇ ਵੀ ਤਮੋਪ੍ਰਧਾਨ ਹਨ। ਨਵੀਂ ਦੁਨੀਆਂ ਹੈ ਹੀ ਸਤਯੁਗ। ਉਸ ਵਿੱਚ ਰਹਿਣ ਵਾਲੇ ਵੀ ਦੇਵਤਾ ਸੀ ਫਿਰ ਰਾਵਣ ਨੇ ਜਿੱਤ ਲਿਆ। ਹੁਣ ਫਿਰ ਬਾਪ ਆਇਆ ਹੋਇਆ ਹੈ। ਤੁਸੀਂ ਬੱਚੇ ਕਹਿੰਦੇ ਹੋ ਅਸੀਂ ਜਾਂਦੇ ਹਾਂ ਬਾਪਦਾਦਾ ਦੇ ਕੋਲ। ਬਾਪ ਸਾਨੂੰ ਦਾਦਾ ਦੁਆਰਾ ਸ੍ਵਰਗ ਦੀ ਬਾਦਸ਼ਾਹੀ ਦਾ ਵਰਸਾ ਦਿੰਦੇ ਹਨ। ਬਾਪ ਤਾਂ

ਸ੍ਵਰਗ ਦੀ ਬਾਦਸ਼ਾਹੀ ਦੇਣਗੇ ਹੋਰ ਕੀ ਦੇਣਗੇ। ਤੁਸੀਂ ਬੱਚਿਆਂ ਦੀ ਬੁੱਧੀ ਵਿੱਚ ਇਹ ਤਾਂ ਆਉਣਾ ਚਾਹੀਦਾ ਹੈ ਨਾ। ਪਰ ਮਾਇਆ ਭੁਲਾ ਦਿੰਦੀ ਹੈ। ਸਥਾਈ ਖੁਸ਼ੀ ਰਹਿਣ ਨਹੀਂ ਦਿੰਦੀ ਹੈ। ਜੋ ਚੰਗੀ ਰੀਤੀ ਪੜ੍ਹਣਗੇ - ਪੜ੍ਹਾਉਣਗੇ ਉਹ ਹੀ ਉੱਚ ਪਦ ਪਾਉਣਗੇ। ਗਾਇਆ ਵੀ ਜਾਂਦਾ ਹੈ ਸੇਕੇਂਡ ਵਿੱਚ ਜੀਵਨ - ਮੁਕਤੀ। ਪਹਿਚਾਨਣਾ ਇੱਕ ਹੀ ਵਾਰ ਚਾਹੀਦਾ ਹੈ ਨਾ। ਸਾਰੀਆਂ ਆਤਮਾਵਾਂ ਦਾ ਬਾਪ ਇੱਕ ਹੈ, ਉਹ ਸਾਰੀਆਂ ਆਤਮਾਵਾਂ ਦਾ ਬਾਪ ਆਇਆ ਹੋਇਆ ਹੈ। ਪਰ ਸਭ ਤਾਂ ਮਿਲ ਵੀ ਨਹੀਂ ਸਕਣਗੇ।। ਇੰਮਪਾਸਿਬਲ ਹੈ। ਬਾਪ ਤਾਂ ਪੜ੍ਹਾਉਣ ਆਉਂਦੇ ਹਨ। ਤੁਸੀਂ ਵੀ ਸਭ ਟੀਚਰਸ ਹੋ। ਕਿਹਾ ਜਾਂਦਾ ਹੈ ਨਾ ਗੀਤਾ ਪਾਠਸ਼ਾਲਾ। ਇਹ ਅੱਖਰ ਵੀ ਕਾਮਨ ਹੈ। ਕਹਿੰਦੇ ਹਨ ਕ੍ਰਿਸ਼ਨ ਨੇ ਗੀਤਾ ਸੁਣਾਈ। ਹੁਣ ਇਹ ਕ੍ਰਿਸ਼ਨ ਦੀ ਤਾਂ ਪਾਠਸ਼ਾਲਾ ਹੈ ਨਹੀਂ। ਕ੍ਰਿਸ਼ਨ ਦੀ ਆਤਮਾ ਪੜ੍ਹ ਰਹੀ ਹੈ। ਸਤਯੁਗ ਵਿੱਚ ਕੋਈ ਗੀਤਾ ਪਾਠਸ਼ਾਲਾ ਵਿੱਚ ਪੜ੍ਹਦੇ ਪੜ੍ਹਾਉਂਦੇ ਹਨ ਕੀ? ਕ੍ਰਿਸ਼ਨ ਤਾਂ ਹੋਇਆ ਹੀ ਹੈ ਸਤਯੁਗ ਵਿੱਚ ਫਿਰ 84 ਜਨਮ ਲੈਂਦੇ ਹਨ। ਇੱਕ ਵੀ ਸ਼ਰੀਰ ਦੂਜੇ ਨਾਲ ਮਿਲ ਨਾ ਸਕੇ। ਡਰਾਮਾ ਪਲਾਨ ਅਨੁਸਾਰ ਹਰ ਇੱਕ ਆਤਮਾ ਵਿੱਚ ਆਪਣਾ ਪਾਰ੍ਟ 84 ਜਨਮਾਂ ਨਾਲ ਭਰਿਆ ਹੋਇਆ ਹੈ। ਇੱਕ ਸੇਕੇਂਡ ਨਾ ਮਿਲੇ ਦੂਜੇ ਨਾਲ। 5 ਹਜ਼ਾਰ ਵਰ੍ਹੇ ਤੁਸੀਂ ਪਾਰ੍ਟ ਵਜਾਉਂਦੇ ਹੋ। ਇੱਕ ਸੇਕੇਂਡ ਦਾ ਪਾਰ੍ਟ ਦੂਜੇ ਸੇਕੇਂਡ ਨਾਲ ਮਿਲ ਨਾ ਸਕੇ। ਕਿੰਨੀ ਸਮਝ ਦੀ ਗੱਲ ਹੈ। ਡਰਾਮਾ ਹੈ ਨਾ। ਪਾਰ੍ਟ ਰਿਪੀਟ ਹੁੰਦਾ ਜਾਂਦਾ ਹੈ। ਬਾਕੀ ਉਹ ਸ਼ਾਸਤਰ ਸਾਰੇ ਹਨ ਭਗਤੀ ਮਾਰਗ ਦੇ। ਅੱਧਾਕਲਪ ਭਗਤੀ ਚਲਦੀ ਹੈ ਫਿਰ ਸਰਵ ਨੂੰ ਸਦਗਤੀ ਮੈਂ ਹੀ ਆਕੇ ਦਿੰਦਾ ਹਾਂ। ਤੁਸੀਂ ਜਾਣਦੇ ਹੋ 5 ਹਜ਼ਾਰ ਵਰ੍ਹੇ ਪਹਿਲੇ ਰਾਜ ਕਰਦੇ ਸੀ। ਸਦਗਤੀ ਵਿੱਚ ਸੀ। ਦੁੱਖ ਦਾ ਨਾਮ ਨਹੀਂ ਸੀ। ਹੁਣ ਤਾਂ ਦੁੱਖ ਹੀ ਦੁੱਖ ਹੈ। ਇਸ ਨੂੰ ਦੁੱਖਧਾਮ ਕਿਹਾ ਜਾਂਦਾ ਹੈ। ਸ਼ਾਂਤੀਧਾਮ, ਸੁੱਖਧਾਮ ਅਤੇ ਦੁੱਖਧਾਮ। ਭਾਰਤਵਾਸੀਆਂ ਨੂੰ ਹੀ ਆਕੇ ਸੁਖਧਾਮ ਦਾ ਰਸਤਾ ਦੱਸਦਾ ਹਾਂ। ਕਲਪ - ਕਲਪ ਫਿਰ ਸਾਨੂੰ ਆਉਣਾ ਪੈਂਦਾ ਹੈ। ਕਈ ਵਾਰ ਆਇਆ ਹਾਂ, ਆਉਂਦਾ ਰਵਾਂਗਾ। ਇਸ ਦੀ ਐਂਡ ਨਹੀਂ ਹੋ ਸਕਦੀ। ਤੁਸੀਂ ਚੱਕਰ ਲਗਾਕੇ ਦੁਖਧਾਮ ਵਿੱਚ ਆਉਂਦੇ ਹੋ ਫਿਰ ਮੈਨੂੰ ਆਉਣਾ ਪੈਂਦਾ ਹੈ। ਹੁਣ ਤੁਹਾਨੂੰ ਸਮ੍ਰਿਤੀ ਆਈ ਹੈ 84 ਜਨਮਾਂ ਦੇ ਚੱਕਰ ਦੀ। ਹੁਣ ਬਾਪ ਨੂੰ ਰਚਤਾ ਕਿਹਾ ਜਾਂਦਾ ਹੈ। ਇਵੇਂ ਨਹੀਂ ਕਿ ਡਰਾਮੇ ਦਾ ਕੋਈ ਰਚਤਾ ਹੈ। ਰਚਤਾ ਅਰਥਾਤ ਇਸ ਸਮੇਂ ਸਤਯੁਗ ਨੂੰ ਆਕੇ ਰਚਦੇ ਹਨ। ਸਤਯੁਗ ਵਿਚ ਜਿਨ੍ਹਾਂ ਦਾ ਰਾਜ ਸੀ ਫਿਰ ਗਵਾਇਆ, ਉਨ੍ਹਾਂ ਨੂੰ ਹੀ ਬੈਠ ਪੜ੍ਹਾਉਂਦਾ ਹਾਂ। ਬੱਚਿਆਂ ਨੂੰ ਏਡਾਪਟ ਕਰਦੇ ਹਨ। ਤੁਸੀਂ ਮੇਰੇ ਬੱਚੇ ਹੋ ਨਾ। ਤੁਹਾਨੂੰ ਕੋਈ ਸਾਧੂ - ਸੰਤ ਆਦਿ ਨਹੀਂ ਪੜ੍ਹਾਉਂਦੇ ਹਨ। ਪੜ੍ਹਾਉਣ ਵਾਲਾ ਇੱਕ ਬਾਪ ਹੈ, ਜਿਸ ਨੂੰ ਸਭ ਯਾਦ ਕਰਦੇ ਹਨ। ਯਾਦ ਜਿਸ ਨੂੰ ਕਰਦੇ ਹਨ ਜਰੂਰ ਕਦੀ ਆਉਣਗੇ ਵੀ ਨਾ। ਇਹ ਵੀ ਕਿਸੇ ਨੂੰ ਸਮਝ ਨਹੀਂ ਹੈ ਕਿ ਯਾਦ ਕਿਉਂ ਕਰਦੇ ਹਨ! ਤਾਂ ਜਰੂਰ ਪਤਿਤ - ਪਾਵਨ ਬਾਪ ਆਉਂਦੇ ਹਨ। ਕਰਾਈਸਟ ਨੂੰ ਇਵੇਂ ਨਹੀਂ ਕਹਿਣਗੇ ਕਿ ਫਿਰ ਤੋਂ ਆਓ। ਉਹ ਤਾਂ ਸਮਝਦੇ ਹਨ, ਲੀਨ ਹੋ ਗਿਆ। ਫਿਰ ਆਉਣ ਦੀ ਗੱਲ ਹੀ ਨਹੀਂ। ਯਾਦ ਫਿਰ ਵੀ ਪਤਿਤ - ਪਾਵਨ ਨੂੰ ਕਰਦੇ ਹਨ। ਸਾਨੂੰ ਆਤਮਾਵਾਂ ਨੂੰ ਫਿਰ ਤੋਂ ਵਰਸਾ ਦੋ। ਹੁਣ ਤੁਸੀਂ ਬੱਚਿਆਂ ਨੂੰ ਸਮ੍ਰਿਤੀ ਆਈ - ਬਾਬਾ ਆਇਆ ਹੋਇਆ ਹੈ। ਨਵੀਂ ਦੁਨੀਆਂ ਦੀ ਸਥਾਪਨਾ ਕਰਨਗੇ। ਉਹ ਫਿਰ ਆਪਣੇ ਸਮੇਂ ਤੇ ਰਜੋ, ਤਮੋ ਵਿੱਚ ਹੀ ਆਉਣਗੇ। ਹੁਣ ਤੁਸੀਂ ਬੱਚੇ ਸਮਝਦੇ ਹੋ ਅਸੀਂ ਮਾਸਟਰ ਨਾਲੇਜਫੁਲ ਬਣਦੇ ਹਾਂ।

ਇੱਕ ਬਾਪ ਹੀ ਹੈ ਜੋ ਤੁਸੀਂ ਬੱਚਿਆਂ ਨੂੰ ਪੜ੍ਹਾਕੇ ਵਿਸ਼ਵ ਦਾ ਮਾਲਿਕ ਬਣਾ ਦਿੰਦੇ ਹਨ। ਖੁਦ ਨਹੀਂ ਬਣਦੇ ਹਨ ਇਸਲਈ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਨਿਸ਼ਕਾਮ ਸੇਵਾਧਾਰੀ। ਮਨੁੱਖ ਕਹਿੰਦੇ ਹਨ ਅਸੀਂ ਫਲ ਦੀ ਆਸ਼ਾ ਨਹੀਂ ਰੱਖਦੇ ਹਾਂ, ਨਿਸ਼ਕਾਮ ਸੇਵਾ ਕਰਦੇ ਹਾਂ। ਪਰ ਇਵੇਂ ਹੁੰਦਾ ਨਹੀਂ ਹੈ। ਜਿਵੇਂ ਸੰਸਕਾਰ ਲੈ ਜਾਂਦੇ ਹਨ, ਉਸ ਅਨੁਸਾਰ ਜਨਮ ਮਿਲਦਾ ਹੈ। ਕਰਮ ਦਾ ਫਲ ਜਰੂਰ ਮਿਲਦਾ ਹੈ। ਸੰਨਿਆਸੀ ਵੀ ਪੁਨਰਜਨਮ ਗ੍ਰਿਹਸਥਿਆਂ ਦੇ ਕੋਲ ਲੈਕੇ ਫਿਰ ਸੰਸਕਾਰ ਅਨੁਸਾਰ ਸੰਨਿਆਸ ਧਰਮ ਵਿੱਚ ਚਲੇ ਜਾਂਦੇ ਹਨ। ਜਿਵੇਂ ਬਾਬਾ ਲੜਾਈ ਵਾਲਿਆਂ ਦਾ ਵੀ ਮਿਸਾਲ ਦਿੰਦੇ ਹਨ। ਕਹਿੰਦੇ ਹਨ ਗੀਤਾ ਵਿੱਚ ਲਿਖਿਆ ਹੋਇਆ ਹੈ ਜੋ ਯੁੱਧ ਦੇ ਮੈਦਾਨ ਵਿੱਚ ਮਰੇਗਾ ਉਹ ਸ੍ਵਰਗ ਵਿੱਚ ਜਾਏਗਾ, ਪਰ ਸ੍ਵਰਗ ਦਾ ਵੀ ਸਮੇਂ ਚਾਹੀਦਾ ਹੈ ਨਾ। ਸ੍ਵਰਗ ਤਾਂ ਲੱਖਾਂ ਵਰ੍ਹੇ ਕਹਿ ਦਿੰਦੇ ਹਨ। ਹੁਣ ਤੁਸੀਂ ਜਾਣਦੇ ਹੋ ਬਾਪ ਕੀ ਸਮਝਾਉਂਦੇ ਹਨ, ਗੀਤਾ ਵਿਚ ਲਿਖ ਦਿੱਤਾ ਹੈ। ਕਹਿੰਦੇ, ਭਗਵਾਨੁਵਾਚ ਮੈਂ ਸਰਵਵਿਆਪੀ ਹਾਂ। ਬਾਪ ਕਹਿੰਦੇ ਹਨ ਮੈਂ ਆਪਣੇ ਨੂੰ ਇਵੇਂ ਗਾਲੀ ਕਿਵੇਂ ਦੇਵਾਂਗਾ ਕਿ ਮੈ ਸਰਵ ਵਿਆਪੀ ਹਾਂ, ਕੁੱਤੇ - ਬਿੱਲੀ ਸਭ ਵਿੱਚ ਹਾਂ। ਮੈਨੂੰ ਤਾਂ ਗਿਆਨ ਸਾਗਰ ਕਹਿੰਦੇ ਹੋ। ਮੈਂ ਆਪਣੇ ਨੂੰ ਇਹ ਕਿਵੇਂ ਕਵਾਂਗਾ ਫਿਰ? ਕਿੰਨਾ ਝੂਠ ਹੈ। ਗਿਆਨ ਤਾਂ ਕੋਈ ਵਿੱਚ ਹੈ ਨਹੀਂ। ਸੰਨਿਆਸੀਆਂ ਆਦਿ ਦਾ ਮਾਨ ਕਿੰਨਾ ਹੈ, ਕਿਉਂਕਿ ਪਵਿੱਤਰ ਹਨ। ਸਤਯੁਗ ਵਿੱਚ ਗੁਰੂ ਤਾਂ ਕੋਈ ਹੁੰਦਾ ਨਹੀਂ। ਇੱਥੇ ਤਾਂ ਇਸਤਰੀ ਨੂੰ ਕਹਿੰਦੇ ਹਨ ਤੁਹਾਡਾ ਪਤੀ ਗੁਰੂ ਈਸ਼ਵਰ ਹੈ, ਦੂਜਾ ਕੋਈ ਗੁਰੂ ਨਹੀਂ ਕਰਨਾ। ਉਹ ਤਾਂ ਤੱਦ ਸਮਝਾਇਆ ਜਾਂਦਾ ਸੀ ਜੱਦ ਭਗਤੀ ਵੀ ਸਤੋਪ੍ਰਧਾਨ ਸੀ। ਸਤਯੁਗ ਵਿੱਚ ਤਾਂ ਗੁਰੂ ਸੀ ਨਹੀਂ। ਭਗਤੀ ਦੀ ਸ਼ੁਰੂਆਤ ਵਿੱਚ ਵੀ ਗੁਰੂ ਹੁੰਦੇ ਨਹੀਂ। ਪਤੀ ਹੀ ਸਭ ਕੁਝ ਹੈ। ਗੁਰੂ ਨਹੀਂ ਕਰਦੇ। ਇਨ੍ਹਾਂ ਸਭ ਗੱਲਾਂ ਨੂੰ ਹੁਣ ਤੁਸੀਂ ਸਮਝਦੇ ਹੋ।

ਕਈ ਮਨੁੱਖ ਤਾਂ ਬ੍ਰਹਮਾਕੁਮਾਰ - ਕੁਮਾਰੀਆਂ ਦਾ ਨਾਮ ਸੁਣ ਕੇ ਹੀ ਡਰ ਜਾਂਦੇ ਹਨ ਕਿਉਂਕਿ ਸਮਝਦੇ ਹਨ ਇਹ ਭਰਾ - ਭੈਣ ਬਣਾਉਂਦੇ ਹਨ। ਅਰੇ, ਪ੍ਰਜਾਪਿਤਾ ਬ੍ਰਹਮਾ ਦਾ ਬੱਚਾ ਬਣਨਾ ਤਾਂ ਅੱਛਾ ਹੈ ਨਾ। ਬੀ.ਕੇ ਹੀ ਸ੍ਵਰਗ ਦਾ ਵਰਸਾ ਲੈਂਦੇ ਹਨ। ਹੁਣ ਤੁਸੀਂ ਲੈ ਰਹੇ ਹੋ। ਤੁਸੀਂ ਬੀ. ਕੇ ਬਣੇ ਹੋ। ਦੋਨੋ ਕਹਿੰਦੇ ਹਨ ਅਸੀਂ ਭਰਾ - ਭੈਣ ਹਾਂ। ਸ਼ਰੀਰ ਦਾ ਭਾਨ, ਵਿਕਾਰ ਦੀ ਬਾਂਸ ਨਿਕਲ ਜਾਂਦੀ ਹੈ। ਅਸੀਂ ਇੱਕ ਬਾਪ ਦੇ ਬੱਚੇ ਭਰਾ - ਭੈਣ ਵਿਕਾਰ ਵਿੱਚ ਕਿਵੇਂ ਜਾ ਸਕਦੇ ਹਾਂ। ਇਹ ਤਾਂ ਮਹਾਨ ਪਾਪ ਹੈ। ਇਹ ਪਵਿੱਤਰ ਰਹਿਣ ਦੀ ਯੁਕਤੀ ਡਰਾਮਾ ਵਿੱਚ ਹੈ। ਸੰਨਿਆਸੀਆਂ ਦਾ ਹੈ ਨਿਵ੍ਰਿਤੀ ਮਾਰਗ। ਤੁਸੀਂ ਹੋ ਪ੍ਰਵ੍ਰਿਤੀ ਮਾਰਗ ਵਾਲੇ। ਹੁਣ ਤੁਹਾਨੂੰ ਇਸ ਛੀ- ਛੀ ਦੁਨੀਆਂ ਦੀ ਰਸਮ - ਰਿਵਾਜ ਨੂੰ ਛੱਡ ਕੇ ਇਸ ਦੁਨੀਆਂ ਨੂੰ ਹੀ ਭੁੱਲ ਜਾਣਾ ਹੈ। ਤੁਸੀਂ ਸ੍ਵਰਗ ਦੇ ਮਾਲਿਕ ਸੀ ਫਿਰ ਰਾਵਣ ਨੇ ਕਿੰਨਾ ਛੀ - ਛੀ ਬਣਾਇਆ ਹੈ। ਇਹ ਵੀ ਬਾਬਾ ਨੇ ਸਮਝਾਇਆ ਹੈ, ਕੋਈ ਕਹੇ ਅਸੀਂ ਕਿਵੇਂ ਮੰਨੀਏ ਕਿ ਅਸੀਂ 84 ਜਨਮ ਲੀਤੇ ਹਨ। 84 ਜਨਮ ਲੀਤੇ ਹਨ, ਇਹ ਤਾਂ

ਅਸੀਂ ਚੰਗਾ ਕਹਿੰਦੇ ਹਾਂ ਨਾ। 84 ਜਨਮ ਨਹੀਂ ਲੀਤੇ ਤਾਂ ਠਹਿਰੇਗਾ ਹੀ ਨਹੀਂ। ਸਮਝਿਆ ਜਾਂਦਾ ਹੈ ਇਹ ਦੇਵੀ - ਦੇਵਤਾ ਧਰਮ ਦਾ ਨਹੀਂ ਹੈ, ਸ੍ਵਰਗ ਵਿੱਚ ਆ ਨਹੀਂ ਸਕੇਗਾ । ਪ੍ਰਜਾ ਵਿੱਚ ਵੀ ਘੱਟ ਪਦ ਮਿਲੇਗਾ। ਪ੍ਰਜਾ ਵਿੱਚ ਵੀ ਚੰਗਾ ਪਦ, ਘੱਟ ਪਦ ਹੈ ਨਾ। ਇਹ ਗੱਲਾਂ ਕੋਈ ਸ਼ਾਸਤਰਾਂ ਵਿੱਚ ਨਹੀਂ ਹਨ। ਰੱਬ ਆਕੇ ਕਿੰਗਡਮ ਸਥਾਪਨ ਕਰਦੇ ਹਨ। ਸ਼੍ਰੀ ਕ੍ਰਿਸ਼ਨ ਤਾਂ ਬੈਕੁੰਠ ਦਾ ਮਾਲਿਕ ਸੀ। ਸਥਾਪਨਾ ਬਾਪ ਕਰਦੇ ਹਨ। ਬਾਪ ਨੇ ਗੀਤਾ ਸੁਣਾਈ ਜਿਸ ਨਾਲ ਇਹ ਪਦ ਪਾਇਆ ਫਿਰ ਤਾਂ ਪੜ੍ਹਨ - ਪੜ੍ਹਾਉਣ ਦੀ ਦਰਕਾਰ ਹੀ ਨਹੀਂ। ਤੁਸੀਂ ਪੜ੍ਹ ਕੇ ਪਦ ਪਾ ਲੈਂਦੇ ਹੋ। ਫਿਰ ਥੋੜੀ ਗੀਤਾ ਦਾ ਗਿਆਨ ਪੜ੍ਹਣਗੇ। ਗਿਆਨ ਨਾਲ ਸਦਗਤੀ ਮਿਲ ਗਈ, ਜਿੰਨਾ ਪੁਰਸ਼ਾਰਥ ਉਨਾਂ ਉੱਚ ਪਦ ਪਾਉਣਗੇ। ਜਿੰਨਾ ਪੁਰਸ਼ਾਰਥ ਕਲਪ ਪਹਿਲੇ ਕੀਤਾ ਸੀ ਉਹ ਕਰਦੇ ਰਹਿੰਦੇ ਹਨ। ਸਾਕਸ਼ੀ ਹੋ ਵੇਖਣਾ ਹੈ, ਟੀਚਰ ਨੂੰ ਵੀ ਵੇਖਣਾ ਹੈ। ਇਸ ਨੇ ਸਾਨੂੰ ਪੜ੍ਹਾਇਆ ਹੈ, ਸਾਨੂੰ ਇਨ੍ਹਾਂ ਤੋਂ ਵੀ ਹੁਸ਼ਿਆਰ ਹੋਣਾ ਹੈ। ਮਾਰਜਿਨ ਬਹੁਤ ਹੈ। ਕੋਸ਼ਿਸ਼ ਕਰਨੀ ਹੈ ਉੱਚ ਤੋਂ ਉੱਚ ਬਣਨ ਦੀ। ਮੂਲ ਗੱਲ ਹੈ ਤਮੋਪ੍ਰਧਾਨ ਤੋਂ ਸਤੋਪ੍ਰਧਾਨ ਬਣਨਾ ਹੈ। ਇਹ ਸਮਝਣ ਦੀ ਗੱਲ ਹੈ ਨਾ। ਗ੍ਰਹਿਸਥ ਵਿਵਹਾਰ ਵਿਚ ਵੀ ਰਹਿਣਾ ਹੈ।, ਬਾਪ ਨੂੰ ਯਾਦ ਕਰਨਾ ਹੈ ਤਾਂ ਪਾਵਨ ਬਣ ਜਾਵੋਗੇ। ਇੱਥੇ ਸਭ ਪਤਿਤ ਹਨ ਇਸ ਵਿੱਚ ਦੁੱਖ ਹੀ ਦੁੱਖ ਹੈ। ਸੁੱਖ ਦਾ ਰਾਜ ਕਦ ਸੀ, ਇਹ ਕਿਸ ਨੂੰ ਪਤਾ ਨਹੀਂ ਹੈ। ਦੁੱਖ ਵਿੱਚ ਕਹਿੰਦੇ ਹਨ ਹੇ ਰੱਬ, ਹੇ ਰਾਮ, ਇਹ ਦੁੱਖ ਕਿਓਂ ਦਿੱਤਾ? ਹੁਣ ਰੱਬ ਤਾਂ ਕਿਸੇ ਨੂੰ ਦੁੱਖ ਦਿੰਦੇ ਨਹੀਂ। ਰਾਵਣ ਦੁੱਖ ਦਿੰਦੇ ਹਨ। ਹੁਣ ਤੁਸੀਂ ਜਾਣਦੇ ਹੋ ਸਾਡੇ ਰਾਜ ਵਿੱਚ ਹੋਰ ਕੋਈ ਧਰਮ ਨਹੀਂ ਹੋਵੇਗਾ। ਫਿਰ ਬਾਦ ਵਿੱਚ ਹੋਰ ਧਰਮ ਵੀ ਆਉਣਗੇ। ਤੁਸੀਂ ਭਾਵੇਂ ਕਿੱਥੇ ਵੀ ਜਾਓ। ਪੜ੍ਹਾਈ ਨਾਲ ਹੈ, ਮਨਮਨਾਭਵ ਦਾ ਲਕਸ਼ ਤਾਂ ਮਿਲਿਆ ਹੈ, ਬਾਪ ਨੂੰ ਯਾਦ ਕਰੋ। ਬਾਪ ਤੋਂ ਅਸੀਂ ਸ੍ਵਰਗ ਦਾ ਵਰਸਾ ਲੈ ਰਹੇ ਹਾਂ। ਇਹ ਵੀ ਯਾਦ ਨਹੀਂ ਕਰ ਸਕਦੇ। ਇਹ ਯਾਦ ਪੱਕੀ ਚਾਹੀਦੀ ਹੈ। ਤਾਂ ਫਿਰ ਅੰਤ ਮਤੀ ਸੋ ਗਤੀ ਹੋ ਜਾਵੇਗੀ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਸਵੇਰੇ - ਸਵੇਰੇ ਅੰਮ੍ਰਿਤਵੇਲੇ ਉੱਠ ਖਿਆਲ ਕਰਨਾ ਹੈ - ਬਾਬਾ ਸਾਡਾ ਬਾਪ ਵੀ ਹੈ, ਟੀਚਰ ਵੀ ਹੈ, ਹੁਣ ਬਾਬਾ ਆਇਆ ਹੈ ਸਦਾ ਗਿਆਨ ਰਤਨਾਂ ਨਾਲ ਸ਼ਿੰਗਾਰ ਕਰਨ। ਉਹ ਬਾਪਾਂ ਦਾ ਬਾਪ, ਪਤੀਆਂ ਦਾ ਪਤੀ ਹੈ, ਇਵੇਂ ਖਿਆਲ ਕਰਦੇ ਅਪਾਰ ਖੁਸ਼ੀ ਦਾ ਅਨੁਭਵ ਕਰਨਾ ਹੈ।

2. ਹਰ ਇੱਕ ਦੇ ਪੁਰਸ਼ਾਰਥ ਨੂੰ ਸਾਕਸ਼ੀ ਹੋਕੇ ਵੇਖਣਾ ਹੈ, ਉੱਚ ਪਦ ਦੀ ਮਾਰਜਿਨ ਹੈ ਇਸਲਈ ਤਮੋਪ੍ਰਧਾਨ ਤੋਂ ਸਤੋਪ੍ਰਧਾਨ ਬਣਨਾ ਹੈ।

ਵਰਦਾਨ:- ਵਾਇਸਲੈਸ ਦੀ ਸ਼ਕਤੀ ਦ੍ਵਾਰਾ ਸੂਕਸ਼ਮ ਵਤਨ ਜਾਂ ਤਿੰਨਾਂ ਲੋਕਾਂ ਦਾ ਅਨੁਭਵ ਕਰਨ ਵਾਲੇ ਸ੍ਰੇਸ਼ਠ ਭਾਗਵਾਨ ਭਵ। ਜਿਨ੍ਹਾਂ ਬੱਚਿਆਂ ਦੇ ਕੋਲ ਵਾਇਸਲੈਸ ਦੀ ਸ਼ਕਤੀ ਹੈ, ਬੁੱਧੀਯੋਗ ਬਿਲਕੁਲ ਰੀਫ਼ਾਇਨ ਹੈ - ਅਜਿਹੇ ਭਾਗਵਾਨ ਬੱਚੇ ਸਹਿਜ ਹੀ ਤਿੰਨਾਂ ਲੋਕਾਂ ਦਾ ਸੈਰ ਕਰ ਸਕਦੇ ਹਨ। ਸੁਖਸ਼ਮਵਤਨ ਤਕ ਆਪਣੇ ਸੰਕਲਪ ਪਹੁੰਚਾਉਣ ਦੇ ਲਈ ਸਰਵ ਸੰਬੰਧਾਂ ਦੇ ਸਾਰ ਵਾਲੀ ਮਹੀਨ ਯਾਦ ਚਾਹੀਦੀ। ਇਹ ਹੀ ਸਭ ਤੋਂ ਪਾਵਰਫੁੱਲ ਤਾਰ ਹੈ, ਇਸ ਦੇ ਵਿਚ ਦੀ ਮਾਇਆ ਇੰਤਰਫਿਅਰ ਨਹੀਂ ਕਰ ਸਕਦੀ ਹੈ। ਤਾਂ ਸੂਖਸ਼ਮ ਵਤਨ ਦੀ ਰੌਣਕ ਦਾ ਅਨੁਭਵ ਕਰਨ ਦੇ ਲਈ ਖੁਦ ਨੂੰ ਵਾਇਸਲੈਸ ਦੀ ਸ਼ਕਤੀ ਨਾਲ ਸੰਪੰਨ ਬਣਾਓ।

ਸਲੋਗਨ:- ਕਿਸੇ ਵਿਅਕਤੀ, ਵਸਤੂ ਜਾਂ ਵੈਭਵ ਦੇ ਪ੍ਰਤੀ ਆਕਰਸ਼ਿਤ ਹੋਣਾ ਹੀ ਕੰਪੇਨੀਅਨ ਬਾਪ ਨੂੰ ਸੰਕਲਪ ਨਾਲ ਤਲਾਕ ਦੇਣਾ ਹੈ।

******

ਅਵਿਅਕਤ ਇਸ਼ਾਰੇ:- ਰੂਹਾਨੀ ਰੋਅਲਟੀ ਅਤੇ ਪਿਓਰਟੀ ਦੀ ਪ੍ਰਸਨੇਲਟੀ ਧਾਰਨ ਕਰੋ।

ਪਵਿੱਤਰਤਾ ਸੰਗਮਯੁਗੀ ਬ੍ਰਾਹਮਣਾਂ ਦੇ ਮਹਾਨ ਜੀਵਨ ਦੀ ਮਹਾਨਤਾ ਹੈ। ਪਵਿੱਤਰਤਾ ਬ੍ਰਾਹਮਣ ਜੀਵਨ ਦਾ ਸ੍ਰੇਸ਼ਠ ਸ਼ਿੰਗਾਰ ਹੈ। ਜਿਵੇਂ ਸਥੂਲ ਸ਼ਰੀਰ ਵਿੱਚ ਵਿਸ਼ੇਸ਼ ਸਵਾਸ ਚਲਣਾ ਜਰੂਰੀ ਹੈ। ਸਵਾਸ ਨਹੀਂ ਤਾਂ ਜੀਵਨ ਨਹੀਂ। ਅਜਿਹੇ ਬ੍ਰਾਹਮਣ ਜੀਵਨ ਦਾ ਸਵਾਸ ਹੈ ਪਵਿੱਤਰਤਾ। 21 ਜਨਮਾਂ ਦੀ ਪ੍ਰਾਲਬਧ ਦਾ ਆਧਾਰ ਮਤਲਬ ਫਾਉਂਡੇਸ਼ਨ ਪਵਿੱਤਰਤਾ ਹੈ।